**International Journal of Research in Economics and Social Sciences (IJRESS)**
Available online at: http://euroasiapub.org
Volume 7-Issue 6-June-2017,
ISSN(o): 2249-7382 | Impact Factor: 6.939 |
Thomson Reuters Researcher ID: L-5236-2015

# ਭਾਰਤ ਦੀ ਵੰਡ ਅਤੇ ਮੁਸਲਮਾਨ ਸਮਾਜ

**ਮਨਦੀਪ ਕੌਰ**,
ਐਮ.ਏ. (ਇਤਿਹਾਸ), ਗੋਲਡ ਮੈਡਲਿਸਟ।

**ਸਾਰ:-** ਭਾਰਤ ਦੀ ਵੰਡ ਅਤੇ ਅੰਗਰੇਜ਼ਾਂ ਦਾ ਭਾਰਤ ਛੱਡ ਕੇ ਚਲੇ ਜਾਣਾ ਭਾਰਤੀ ਇਤਿਹਾਸ ਵਿੱਚ ਇੱਕ ਅਦੁੱਤੀ ਘਟਨਾ ਸੀ। ਇਸ ਘਟਨਾ ਨਾਲ ਨਾ ਕੇਵਲ ਭਾਰਤ 'ਚੋਂ ਸਦੀਆਂ ਪੁਰਾਣਾ ਬ੍ਰਿਟਿਸ਼ ਰਾਜ ਹੀ ਸਮਾਪਤ ਹੋਇਆ, ਸਗੋਂ ਇੱਕ ਨਵੇਂ ਰਾਸ਼ਟਰ ਦਾ ਫਿਰ ਤੋਂ ਜਨਮ ਵੀ ਹੋਇਆ। ਭਾਰਤ ਵਿੱਚ ਅਜਿਹੀਆਂ ਪਰਿਸਥਿਤੀਆਂ ਪੈਦਾ ਹੋ ਗਈਆਂ ਸਨ ਕਿ ਭਾਰਤ ਵਿੱਚ ਅੰਗਰੇਜ਼ਾਂ ਦਾ ਰਹਿਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਜਿਸ ਕਰਕੇ ਅੰਗਰੇਜ਼ਾਂ ਨੇ 15 ਅਗਸਤ, 1947 ਈ. ਨੂੰ ਭਾਰਤ ਛੱਡ ਕੇ ਜਾਣਾ ਹੀ ਸਹੀ ਸਮਝਿਆ। ਭਾਰਤ ਦੀ ਵੰਡ ਕਿਸੇ ਇੱਕ ਕਾਰਨ 'ਤੇ ਆਧਾਰਿਤ ਨਹੀਂ ਸੀ, ਇਹ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਕਾਰਨਾਂ ਦਾ ਮਿਸ਼ਰਨ ਸੀ। ਅੰਗਰੇਜ਼ਾਂ ਨੇ ਭਾਰਤ 'ਤੇ ਲਗਭਗ ਦੋ ਸੌ ਸਾਲ ਰਾਜ ਕੀਤਾ। 15 ਅਗਸਤ, 1947 ਈ. ਨੂੰ ਅੰਗਰੇਜ਼ ਭਾਰਤ ਛੱਡ ਕੇ ਚਲੇ ਗਏ ਤਾਂ ਦੇਸ਼ ਧਰਮ ਦੇ ਆਧਾਰ 'ਤੇ ਦੋ ਹਿੱਸਿਆਂ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਗਿਆ। ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਣ ਲਈ ਜਿੱਥੇ ਅੰਗਰੇਜ਼ਾਂ ਦੀ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ ਜ਼ਿੰਮੇਵਾਰ ਸੀ, ਉੱਥੇ ਹੀ ਮੁਹੰਮਦ ਅਲੀ ਜਿਨਾਹ ਦਾ ਮੁਸਲਮਾਨਾਂ ਲਈ ਪਾਕਿਸਤਾਨ ਦੀ ਮੰਗ ਕਰਨਾ ਵੀ ਉੱਨਾ ਹੀ ਜ਼ਿੰਮੇਵਾਰ ਸੀ।

**ਮੁੱਖ ਸ਼ਬਦ:-** ਭਾਰਤ ਦੀ ਵੰਡ, ਭਾਰਤ, ਪਾਕਿਸਤਾਨ, ਅੰਗਰੇਜ਼, ਹਿੰਦੂ, ਮੁਸਲਮਾਨ, ਬ੍ਰਿਟਿਸ਼ ਸਰਕਾਰ, ਇੰਡੀਅਨ ਨੈਸ਼ਨਲ ਕਾਂਗਰਸ, ਮੁਹੰਮਦ ਅਲੀ ਜਿਨਾਹ।

**ਜਾਣ-ਪਛਾਣ:-** ਬਹੁਤ ਲੰਬੇ ਸੰਘਰਸ਼ ਦੇ ਫ਼ਲਸਰੂਪ ਭਾਰਤ 15 ਅਗਸਤ, 1947 ਈ. ਨੂੰ ਸੁਤੰਤਰ ਤਾਂ ਹੋ ਗਿਆ ਪਰ ਇਸ ਦੇ ਨਾਲ ਹੀ ਦੇਸ਼ ਦਾ ਦੋ ਹਿੱਸਿਆਂ ਵਿੱਚ ਬਟਵਾਰਾ ਹੋ ਗਿਆ- ਭਾਰਤ ਅਤੇ ਪਾਕਿਸਤਾਨ। ਦੇਸ਼ ਦੇ ਬਟਵਾਰੇ ਦੇ ਕੀ ਕਾਰਨ ਸਨ, ਇਸ ਬਾਰੇ ਇਤਿਹਾਸਕਾਰਾਂ ਅਤੇ ਸਮਕਾਲੀ ਇਤਿਹਾਸਕਾਰਾਂ ਵਿਚਕਾਰ ਬਹੁਤ ਮੱਤਭੇਦ ਹਨ। 1870 ਈ. ਤੋਂ ਹੀ ਵੰਡ ਦੇ ਕਾਰਨ ਪੈਦਾ ਹੋਣੇ ਸ਼ੁਰੂ ਹੋ ਗਏ ਸਨ। ਜਿਸ ਸਮੇਂ 1857 ਈ. ਦਾ ਵਿਦਰੋਹ ਹੋਇਆ, ਉਸ ਵੇਲੇ ਬ੍ਰਿਟਿਸ਼ ਸਰਕਾਰ ਮੁਸਲਮਾਨਾਂ ਨੂੰ ਦੁਸ਼ਮਣ ਦੀ ਨਜ਼ਰ ਨਾਲ ਦੇਖਦੀ ਸੀ ਅਤੇ ਹਿੰਦੂਆਂ ਦੀ ਪੱਖਪਾਤੀ ਸੀ।[1]

**ਬ੍ਰਿਟਿਸ਼ ਸਰਕਾਰ ਦੀ ਮੁਸਲਮਾਨਾਂ ਪ੍ਰਤੀ ਨੀਤੀ-** ਬ੍ਰਿਟਿਸ਼ ਸਰਕਾਰ ਮੁਸਲਮਾਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਸੀ। ਸਰਕਾਰ ਨੇ ਮੁਸਲਮਾਨਾਂ ਨੂੰ ਕੋਈ ਨੌਕਰੀ ਨਾ ਦਿੱਤੀ, ਉਨ੍ਹਾਂ ਨੂੰ ਹੋਰ ਸਹੂਲਤਾਂ ਤੋਂ ਵੀ ਵਾਂਝੇ ਰੱਖਿਆ ਅਤੇ ਨਾ ਹੀ ਉਨ੍ਹਾਂ ਲਈ ਸਿੱਖਿਆ ਦਾ ਵਧੀਆ ਪ੍ਰਬੰਧ ਕੀਤਾ। ਬ੍ਰਿਟਿਸ਼ ਸਰਕਾਰ ਨੂੰ ਇਹ ਡਰ ਸੀ ਕਿ ਜੇਕਰ ਉਹ ਜਾਗਰੂਕ ਹੋ ਗਏ ਤਾਂ ਆਪਣੇ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰਨਗੇ।[2]

**ਬ੍ਰਿਟਿਸ਼ ਸਰਕਾਰ ਦੀ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ-** ਭਾਰਤ ਦੇ ਬ੍ਰਿਟਿਸ਼ ਅਧਿਕਾਰੀ ਬੜੇ ਬੁੱਧੀਮਾਨ, ਚਲਾਕ ਅਤੇ ਨੀਤੀਵਾਨ ਸਨ। ਉਨ੍ਹਾਂ ਨੇ ਭਾਰਤੀ ਬ੍ਰਿਟਿਸ਼ ਸਾਮਰਾਜ ਨੂੰ ਸੁਰੱਖਿਅਤ ਰੱਖਣ ਲਈ ਜਾਣ ਬੁੱਝ ਕੇ 'ਫੁੱਟ ਪਾਉ ਅਤੇ ਰਾਜ ਕਰੋ' ਦੀ ਨੀਤੀ ਅਪਣਾਈ। 1871 ਈ. ਵਿੱਚ W.W. Hunter ਨੇ 'The Indian Musalmans' ਨਾਮ ਦੀ ਕਿਤਾਬ ਲਿਖੀ, ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਬ੍ਰਿਟਿਸ਼ ਸਰਕਾਰ ਸਿਰਫ਼ ਗ਼ੈਰ-ਮੁਸਲਮਾਨਾਂ ਭਾਵ ਕਿ ਹਿੰਦੂਆਂ ਦਾ ਸਮਰਥਨ ਕਰ ਰਹੀ ਹੈ, ਜਿਸ ਕਾਰਨ ਮੁਸਲਮਾਨਾਂ ਦੇ ਹਾਲਾਤ ਬਹੁਤ ਵਿਗੜ ਚੁੱਕੇ ਹਨ। ਬ੍ਰਿਟਿਸ਼ ਸਰਕਾਰ ਨੂੰ ਇਨ੍ਹਾਂ ਦੱਬੇ-ਕੁਚਲੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਸ ਕਰਕੇ ਬ੍ਰਿਟਿਸ਼ ਸਰਕਾਰ ਨੇ 'ਫੁੱਟ ਪਾਉ ਅਤੇ ਰਾਜ ਕਰੋ' ਦੀ ਨੀਤੀ ਅਪਣਾਈ। 1870 ਈ. ਤੱਕ ਗ਼ੈਰ-ਮੁਸਲਮਾਨ ਪੜ੍ਹ-ਲਿਖ ਗਏ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਹੋ ਗਏ ਸਨ। ਇਸ ਲਈ ਮੁਸਲਮਾਨਾਂ ਨੇ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਅਤੇ 1870 ਈ. ਤੱਕ ਕਈ ਰਾਜਨੀਤਿਕ ਸੰਗਠਨ ਕਾਇਮ ਕਰ ਲਏ।

---

1 Rajendra Prasad, *India Divided*, Third Edition, Hind Kitabs Ltd., Bombay, 1947, pp. 204-205.
2 V.P. Menon, *The Transfer Power in India*, Orient Blackswan Pvt. Ltd., Hyderabad, 1957, pp. 210-211.

**International Journal of Research in Economics and Social Sciences (IJRESS)**
Available online at: http://euroasiapub.org
Volume 7-Issue 6-June-2017,
ISSN(o): 2249-7382 | Impact Factor: 6.939 |
Thomson Reuters Researcher ID: L-5236-2015

**ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ-** ਰਾਜਨੀਤਿਕ ਚੇਤਨਾ ਨੇ 1885 ਈ. ਤੱਕ ਇੱਕ ਗੰਭੀਰ ਰੂਪ ਧਾਰਨ ਕਰ ਲਿਆ। 28 ਦਸੰਬਰ, 1885 ਈ. ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੋਈ। ਇਸ ਦੇ ਤਿੰਨ ਰੂਪ ਸਨ:

1. ਇਹ ਪਾਰਟੀ ਆਪਣੀਆਂ ਮੰਗਾਂ ਸਰਕਾਰ ਦੇ ਸਾਹਮਣੇ ਰੱਖਦੀ ਹੈ।
2. ਮੁਸਲਮਾਨ ਇਸ ਨੂੰ ਹਿੰਦੂਆਂ ਦੀ ਰਾਜਨੀਤਿਕ ਪਾਰਟੀ ਮੰਨਦੇ ਸਨ।
3. ਇਹ ਭਾਰਤੀਆਂ ਦੇ ਰਾਜਨੀਤਿਕ ਅਧਿਕਾਰਾਂ ਲਈ ਬਣੀ ਹੈ। ਜੇਕਰ ਦੇਸ਼ ਆਜ਼ਾਦ ਹੋਇਆ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਜਿਸ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਵੇਗਾ, ਉਸ ਦੀ ਸਰਕਾਰ ਬਣੇਗੀ। ਬ੍ਰਿਟਿਸ਼ ਸਰਕਾਰ ਦਾ ਮੰਨਣਾ ਸੀ ਕਿ ਇੰਡੀਅਨ ਨੈਸ਼ਨਲ ਕਾਂਗਰਸ ਉਨ੍ਹਾਂ ਲਈ ਖ਼ਤਰਾ ਬਣ ਸਕਦੀ ਹੈ।

**ਸਰ ਸੱਯਦ ਅਹਿਮਦ ਖਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ-** ਸਰ ਸੱਯਦ ਅਹਿਮਦ ਖਾਂ 1880-84 ਈ. ਤੱਕ ਇੱਕ ਰਾਸ਼ਟਰੀ ਦੇਸ਼-ਭਗਤ ਰਹੇ। 1885 ਈ. ਤੋਂ ਪਹਿਲਾਂ ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਆਪਸੀ ਮਿਲਵਰਤਨ ਅਤੇ ਇੱਕ ਸਾਂਝੇ ਰਾਸ਼ਟਰ ਦੀ ਵਿਚਾਰਧਾਰਾ ਦੇ ਸਮਰਥਕ ਸਨ। ਉਹ ਥਾਂ-ਥਾਂ 'ਤੇ ਭਾਸ਼ਣ ਦੇ ਰਹੇ ਸਨ ਅਤੇ ਕਹਿ ਰਹੇ ਸਨ ਕਿ "ਇਹ ਪੂਰਾ ਹਿੰਦੂਸਤਾਨ ਇੱਕ ਦੇਸ਼ ਹੈ। ਹਿੰਦੂ ਅਤੇ ਮੁਸਲਿਮ ਦੋ ਧਰਮ ਹਨ। ਮੈਨੂੰ ਬਹੁਤ ਹੈਰਾਨੀ ਹੋਵੇਗੀ ਕਿ ਜੇਕਰ ਤੁਸੀਂ ਮੈਨੂੰ ਮੁਸਲਮਾਨ ਕਹਿ ਰਹੇ ਹੋ।" ਚਾਰ ਸਾਲ ਬਾਅਦ 1888 ਈ. ਵਿੱਚ ਉਨ੍ਹਾਂ ਨੇ ਮੇਰਠ ਵਿੱਚ ਇੱਕ ਭਾਸ਼ਣ ਦਿੱਤਾ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਦਲ ਗਈ। ਜਿਸ ਵਿੱਚ ਉਨ੍ਹਾਂ ਨੇ ਕਿਹਾ, "ਹਿੰਦੂ ਅਤੇ ਮੁਸਲਮਾਨ ਦੋਵੇਂ ਅਲੱਗ-ਅਲੱਗ ਸੰਪਰਦਾਵਾਂ ਹਨ। ਇਨ੍ਹਾਂ ਦੇ ਰੀਤੀ-ਰਿਵਾਜ ਅਤੇ ਪਰੰਪਰਾਵਾਂ ਬਿਲਕੁਲ ਅਲੱਗ-ਅਲੱਗ ਹਨ। ਇਸ ਲਈ ਇਹ ਇੱਕ ਦੇਸ਼ ਵਿੱਚ ਮਿਲਕੇ ਨਹੀਂ ਰਹਿ ਸਕਦੇ। ਇਸ ਕਰਕੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਅਲੱਗ ਕਰ ਦਿੱਤਾ ਜਾਵੇ।"

**ਧਾਰਮਿਕ ਮੱਤਭੇਦ-** 19ਵੀਂ ਸਦੀ ਦੇ ਅੰਤਿਮ ਦਹਾਕੇ ਵਿੱਚ ਮੁਸਲਮਾਨਾਂ ਵਿੱਚ 'ਵਹਾਬੀ ਅੰਦੋਲਨ' ਚੱਲਿਆ। ਜਿਹੜਾ ਕਿ ਮੁਸਲਮਾਨਾਂ ਦਾ ਅੰਦੋਲਨ ਸੀ ਅਤੇ ਜਿਸ ਦਾ ਨਾਅਰਾ 'ਦਰ-ਉਲ-ਇਸਲਾਮ' ਭਾਵ ਸਾਰੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਸੀ। ਦੂਜਾ ਅੰਦੋਲਨ ਸ਼ੁੱਧੀ ਅੰਦੋਲਨ ਸੀ, ਜਿਸ ਦਾ ਮੁੱਖ ਮੰਤਵ ਇਹ ਸੀ ਕਿ ਜਿਹੜੇ ਲੋਕ ਹਿੰਦੂ ਧਰਮ ਨੂੰ ਛੱਡ ਕੇ ਚਲੇ ਗਏ ਹਨ, ਉਨ੍ਹਾਂ ਨੂੰ ਮੁੜ ਹਿੰਦੂ ਧਰਮ ਵਿੱਚ ਵਾਪਸ ਲੈ ਕੇ ਆਉਣਾ। ਇਸ ਦੇ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹਿੰਸਕ ਅਤੇ ਨਫ਼ਰਤ ਵਾਲਾ ਮਾਹੌਲ ਪੈਦਾ ਹੋ ਗਿਆ ਅਤੇ ਦੋਵੇਂ ਧਰਮਾਂ ਦੇ ਲੋਕ ਇੱਕ-ਦੂਜੇ ਦੇ ਵਿਰੋਧੀ ਬਣ ਗਏ।

**ਬੰਗਾਲ ਦੀ ਵੰਡ-** 1905 ਈ. ਵਿੱਚ ਲਾਰਡ ਕਰਜ਼ਨ ਜੋ ਕਿ ਭਾਰਤ ਦਾ ਵਾਇਸਰਾਏ ਸੀ, ਨੇ ਬੰਗਾਲ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ- ਪੂਰਬੀ ਬੰਗਾਲ ਅਤੇ ਪੱਛਮੀ ਬੰਗਾਲ। ਅਜਿਹਾ ਕਰਨ ਵਿੱਚ ਉਸ ਦਾ ਅਸਲੀ ਮੰਤਵ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣਾ ਅਤੇ ਭਾਰਤੀਆਂ ਦੀ ਰਾਸ਼ਟਰੀ ਸ਼ਕਤੀ ਨੂੰ ਘੱਟ ਕਰਨਾ ਸੀ। ਅਜਿਹਾ ਕਰਨ ਲਈ ਇਹ ਬਹਾਨਾ ਬਣਾਇਆ ਗਿਆ ਕਿ ਬੰਗਾਲ ਇੱਕ ਵੱਡਾ ਪ੍ਰਾਂਤ ਹੋਣ ਕਾਰਨ ਸਰਕਾਰ ਕੋਲੋਂ ਇਸ ਦਾ ਪ੍ਰਸ਼ਾਸਨ ਵਧੀਆ ਢੰਗ ਨਾਲ ਨਹੀਂ ਚੱਲ ਰਿਹਾ। ਇਸ ਤੋਂ ਇਲਾਵਾ ਉਹ ਭਾਰਤੀਆਂ ਦੀ ਹਰਮਨ ਪਿਆਰੀ ਸੰਸਥਾ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਸਮਾਪਤ ਕਰਨਾ ਚਾਹੁੰਦਾ ਸੀ। ਇਸ ਨਾਲ ਸਾਰੇ ਦੇਸ਼ ਵਿੱਚ ਹਲਚਲ ਪੈਦਾ ਹੋ ਗਈ, ਜੋ ਕਿ ਬਾਅਦ ਵਿੱਚ ਭਾਰਤ ਦੀ ਵੰਡ ਦਾ ਕਾਰਨ ਬਣੀ।[3]

**ਮੁਸਲਿਮ ਲੀਗ ਦੀ ਸਥਾਪਨਾ-** 30 ਦਸੰਬਰ, 1906 ਈ. ਨੂੰ ਸਰ ਆਗਾ ਖਾਂ, ਨਵਾਬ ਵੱਕਾਰ-ਉੱਲ-ਮੁਲਕ, ਨਵਾਬ ਮੋਹਸਿਨ-ਉੱਲ-ਮੁਲਕ ਅਤੇ ਨਵਾਬ ਸਲੀਮਉੱਲਾ ਖਾਂ ਨੇ ਮੁਸਲਿਮ ਲੀਗ ਦੀ ਸਥਾਪਨਾ ਕੀਤੀ। ਮੁਸਲਿਮ ਲੀਗ ਦੇ ਬਣਨ ਦਾ ਮੁੱਖ ਕਾਰਨ ਇਹ ਸੀ ਕਿ ਮੁਸਲਮਾਨ ਇਹ ਸਮਝਦੇ ਸਨ ਕਿ ਕਾਂਗਰਸ ਮੁਸਲਮਾਨਾਂ ਦੀ ਪਾਰਟੀ ਨਹੀਂ ਹੈ। ਉਹ ਸਿਰਫ਼ ਹਿੰਦੂਆਂ ਦੀ ਪਾਰਟੀ ਹੈ। ਜਿਹੜੀ ਸਿਰਫ਼ ਹਿੰਦੂਆਂ ਦੇ ਅਧਿਕਾਰਾਂ ਬਾਰੇ ਹੀ ਸਰਕਾਰ ਅੱਗੇ ਉਨ੍ਹਾਂ ਦੀਆਂ ਮੰਗਾਂ ਨੂੰ ਪੇਸ਼ ਕਰਦੀ ਹੈ। ਇਸ ਲਈ ਮੁਸਲਮਾਨਾਂ ਨੇ ਆਪਣੀਆਂ ਮੰਗਾਂ ਸਰਕਾਰ ਅੱਗੇ ਰੱਖਣ ਲਈ ਮੁਸਲਿਮ ਲੀਗ ਦੀ ਸਥਾਪਨਾ ਕੀਤੀ ਅਤੇ ਅਲੱਗ ਰਾਖਵੇਂਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਜਿਸ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪੈ ਗਈ ਜੋ ਕਿ ਬਾਅਦ ਵਿੱਚ 1947 ਈ. ਦੌਰਾਨ ਭਾਰਤ ਦੀ ਵੰਡ ਦਾ ਮੁੱਖ ਕਾਰਨ ਬਣੀ।

---

3 Yasmin Khan, *The Great Partition: The Making of India and Pakistan*, Yale University Press, New Haven, 2008, pp. 52-53.

**1909 ਈ. ਦਾ ਐਕਟ-** ਮੁਸਲਿਮ ਲੀਗ ਦੀਆਂ ਮੰਗਾਂ ਨੂੰ ਪ੍ਰਵਾਨ ਕਰਦੇ ਹੋਏ 1909 ਈ. ਦੇ ਐਕਟ ਅਨੁਸਾਰ ਮੁਸਲਮਾਨਾਂ ਲਈ ਲੈਜਿਸਲੇਟਿਵ ਕੌਂਸਿਲਾਂ ਵਿੱਚ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਅਤੇ ਉਨ੍ਹਾਂ ਲਈ ਵੱਖਰੇ ਚੋਣ-ਖੇਤਰਾਂ ਦੀ ਵਿਵਸਥਾ ਕੀਤੀ ਗਈ। ਜਿਸ ਤੋਂ ਉਨ੍ਹਾਂ ਨੂੰ ਇਹ ਪੱਕਾ ਹੋ ਗਿਆ ਕਿ ਮੁਸਲਮਾਨਾਂ ਲਈ ਅਲੱਗ ਜ਼ਮੀਨ ਦਾ ਟੁੱਕੜਾ ਮਿਲ ਜਾਵੇਗਾ। 1909 ਈ. ਦਾ ਐਕਟ ਵੀ ਬਾਅਦ ਵਿੱਚ ਭਾਰਤ ਦੀ ਵੰਡ ਦਾ ਇੱਕ ਕਾਰਨ ਬਣਿਆ।[4]

**1919 ਈ. ਦਾ ਐਕਟ-** 1919 ਈ. ਦੇ ਐਕਟ ਵਿੱਚ ਕੀਤੇ ਗਏ ਸੁਧਾਰਾਂ ਤੋਂ ਭਾਰਤੀ ਸੰਤੁਸ਼ਟ ਨਾ ਹੋਏ। ਇਸ ਐਕਟ ਰਾਹੀਂ ਪ੍ਰਾਂਤਕ ਲੈਜਿਸਲੇਟਿਵ ਕੌਂਸਿਲਾਂ ਦਾ ਵਿਸਥਾਰ ਕੀਤਾ ਗਿਆ। ਸੰਪਰਦਾਇਕ ਚੋਣ-ਪ੍ਰਣਾਲੀ ਅਨੁਸਾਰ ਮੁਸਲਮਾਨਾਂ ਤੋਂ ਇਲਾਵਾ ਪੰਜਾਬ ਦੇ ਸਿੱਖਾਂ, ਬੰਬਈ ਦੇ ਮਰਾਠਿਆਂ, ਮਦਰਾਸ ਦੇ ਗ਼ੈਰ-ਬ੍ਰਾਹਮਣਾਂ, ਯੂਰਪੀਆਂ, ਈਸਾਈਆਂ ਅਤੇ ਐਂਗਲੋ ਭਾਰਤੀਆਂ ਲਈ ਵੀ ਸੀਟਾਂ ਰਿਜ਼ਰਵ ਰੱਖੀਆਂ ਗਈਆਂ।

**ਸਿਵਲ ਨਾ-ਫ਼ਰਮਾਨੀ ਅੰਦੋਲਨ-** ਸਿਵਲ ਨਾ-ਫ਼ਰਮਾਨੀ ਅੰਦੋਲਨ ਜੋ ਕਿ ਮਹਾਤਮਾ ਗਾਂਧੀ ਨੇ 1930 ਈ. ਵਿੱਚ ਸ਼ੁਰੂ ਕੀਤਾ ਸੀ, ਜਿਸ ਵਿੱਚ ਨਮਕ ਕਾਨੂੰਨ ਭੰਗ ਕੀਤਾ ਗਿਆ। ਸ਼ਰਾਬ ਅਤੇ ਵਿਦੇਸ਼ੀ ਵਸਤਾਂ ਦੀਆਂ ਦੁਕਾਨਾਂ ਅੱਗੇ ਧਰਨੇ ਦਿੱਤੇ ਗਏ, ਵਿਦੇਸ਼ੀ ਕੱਪੜਿਆਂ ਨੂੰ ਅੱਗ ਲਗਾਈ ਗਈ ਅਤੇ ਵਿਦਿਆਰਥੀਆਂ ਨੇ ਸਕੂਲਾਂ ਦਾ ਬਾਈਕਾਟ ਕਰ ਦਿੱਤਾ। ਇਸ ਅੰਦੋਲਨ ਵਿੱਚ ਮੁਸਲਮਾਨਾਂ ਨੇ ਭਾਗ ਨਹੀਂ ਲਿਆ। 1930 ਈ. ਵਿੱਚ ਭਾਰਤੀ ਸੰਵਿਧਾਨ ’ਤੇ ਸੋਚ-ਵਿਚਾਰ ਕਰਨ ਲਈ ਲੰਡਨ ਵਿਖੇ ਪਹਿਲੀ ਗੋਲਮੇਜ਼ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿੱਚ ਕਾਂਗਰਸ ਦਾ ਕੋਈ ਵੀ ਪ੍ਰਤੀਨਿਧੀ ਸ਼ਾਮਿਲ ਨਹੀਂ ਹੋਇਆ ਅਤੇ ਇਹ ਕਾਨਫ਼ਰੰਸ ਅਸਫ਼ਲ ਰਹੀ। 1931 ਈ. ਵਿੱਚ ਲੰਡਨ ਵਿਖੇ ਦੂਜੀ ਗੋਲਮੇਜ਼ ਕਾਨਫ਼ਰੰਸ ਹੋਈ, ਜਿਸ ਵਿੱਚ ਕਾਂਗਰਸ ਵੱਲੋਂ ਮਹਾਤਮਾ ਗਾਂਧੀ ਅਤੇ ਮੁਸਲਿਮ ਲੀਗ ਵੱਲੋਂ ਮੁਹੰਮਦ ਅਲੀ ਜਿਨਾਹ ਸ਼ਾਮਿਲ ਹੋਏ। ਸੰਪਰਦਾਇਕ ਚੋਣ-ਪ੍ਰਣਾਲੀ ਦੀ ਮੰਗ ’ਤੇ ਜ਼ੋਰਦਾਰ ਬਹਿਸ ਹੋਣ ਕਾਰਨ ਇਹ ਕਾਨਫ਼ਰੰਸ ਵੀ ਅਸਫ਼ਲ ਹੋ ਗਈ।

**1937 ਈ. ਦੀਆਂ ਚੋਣਾਂ-** ਜਨਵਰੀ-ਫ਼ਰਵਰੀ, 1937 ਈ. ਵਿੱਚ 11 ਪ੍ਰਾਂਤਾਂ ਵਿੱਚ ਚੋਣਾਂ ਹੋਈਆਂ। ਜਿਨ੍ਹਾਂ ਵਿੱਚ ਦੋ ਮੁੱਖ ਰਾਜਨੀਤਿਕ ਪਾਰਟੀਆਂ ਕਾਂਗਰਸ ਪਾਰਟੀ ਅਤੇ ਮੁਸਲਿਮ ਲੀਗ ਨੇ ਹਿੱਸਾ ਲਿਆ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਸਾਰੇ ਪ੍ਰਾਂਤਾਂ ਦੀਆਂ ਲੈਜਿਸਲੇਚਰਜ਼ ਦੀਆਂ ਕੁੱਲ 1585 ਸੀਟਾਂ ’ਚੋਂ ਕਾਂਗਰਸ ਨੇ 1161 ਸੀਟਾਂ ਲਈ ਚੋਣਾਂ ਲੜੀਆਂ ਅਤੇ ਉਸ ਨੇ 761 ਸੀਟਾਂ ਜਿੱਤ ਲਈਆਂ। ਬ੍ਰਿਟਿਸ਼ ਭਾਰਤ ਦੇ 11 ਪ੍ਰਾਂਤਾਂ ’ਚੋਂ 6 ਪ੍ਰਾਂਤਾਂ ਬੰਬਈ, ਮਦਰਾਸ, ਬਿਹਾਰ, ਉੜੀਸਾ, ਯੂ.ਪੀ. ਅਤੇ ਸੀ.ਪੀ. ਵਿੱਚ ਕਾਂਗਰਸ ਨੂੰ ਬਹੁਮਤ ਪ੍ਰਾਪਤ ਹੋਇਆ ਅਤੇ 3 ਪ੍ਰਾਂਤਾਂ ਵਿੱਚ ਕਾਂਗਰਸ ਨੇ ਦੂਜੀਆਂ ਪਾਰਟੀਆਂ ਤੋਂ ਵੱਧ ਸੀਟਾਂ ਪ੍ਰਾਪਤ ਕਰ ਲਈਆਂ। ਮੁਸਲਿਮ ਲੀਗ ਨੂੰ ਸਿਰਫ਼ 109 ਸੀਟਾਂ ਹੀ ਪ੍ਰਾਪਤ ਹੋਈਆਂ। ਮੁਸਲਿਮ ਲੀਗ ਨੇ ਕਾਂਗਰਸ ਪਾਰਟੀ ਅੱਗੇ ਇਹ ਪ੍ਰਸਤਾਵ ਰੱਖਿਆ ਕਿ ਆਸਾਮ ਅਤੇ ਬੰਗਾਲ ਵਿੱਚ ਮਿਲੀ-ਜੁਲੀ ਸਰਕਾਰ ਬਣਾਈ ਜਾਵੇ। ਮੁਸਲਿਮ ਲੀਗ ਦੇ ਕੁੱਝ ਮੰਤਰੀਆਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ ਪਰ ਕਾਂਗਰਸ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਤੁਹਾਡਾ ਕੋਈ ਵੀ ਮੈਂਬਰ ਸਰਕਾਰ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ। ਜਿਸ ਕਰਕੇ ਦੋਵਾਂ ਪਾਰਟੀਆਂ ਵਿੱਚ ਫੁੱਟ ਹੋਰ ਵਧ ਗਈ। ਦੂਜੇ ਵਿਸ਼ਵ ਯੁੱਧ ਦੇ ਸਮੇਂ ਕਾਂਗਰਸ ਨੂੰ ਬਿਨਾਂ ਪੁੱਛੇ ਹੀ ਬ੍ਰਿਟਿਸ਼ ਸਰਕਾਰ ਨੇ ਫ਼ੈਸਲਾ ਕੀਤਾ ਕਿ ਭਾਰਤ ਯੁੱਧ ਵਿੱਚ ਸ਼ਾਮਿਲ ਹੋਵੇਗਾ। ਜਿਸ ਤੋਂ ਨਿਰਾਸ਼ ਹੋ ਕੇ ਕਾਂਗਰਸ ਨੇ ਦਸੰਬਰ, 1939 ਈ. ਵਿੱਚ ਮੰਤਰੀ ਮੰਡਲ ਤੋਂ ਤਿਆਗ-ਪੱਤਰ ਦੇ ਦਿੱਤਾ ਤਾਂ ਮੁਸਲਿਮ ਲੀਗ ਦੇ ਨੇਤਾਵਾਂ ਨੂੰ ਚੈਨ ਪਿਆ ਅਤੇ ਮੁਹੰਮਦ ਅਲੀ ਜਿਨਾਹ ਦੇ ਆਦੇਸ਼ ਅਨੁਸਾਰ ਮੁਸਲਮਾਨਾਂ ਨੇ ਕਾਂਗਰਸ ਦੀ ਪ੍ਰਬਲਤਾ ਤੋਂ ਛੁਟਕਾਰਾ ਪਾਉਣ ਦੀ ਖ਼ੁਸ਼ੀ ਵਿੱਚ ‘ਮੁਕਤੀ ਦਿਵਸ’ ਮਨਾਇਆ।

**1940 ਈ. ਦਾ ਲਾਹੌਰ ਸੈਸ਼ਨ-** ਲਾਹੌਰ ਵਿਖੇ ਹੋਏ ਮੁਸਲਿਮ ਲੀਗ ਦੇ ਸੈਸ਼ਨ ਵਿੱਚ 23 ਮਾਰਚ, 1940 ਈ. ਨੂੰ ਇੱਕ ਪ੍ਰਸਤਾਵ ਪਾਸ ਹੋਇਆ। ਜਿਸ ਵਿੱਚ ਕਿਹਾ ਗਿਆ, “ਜਿਨ੍ਹਾਂ ਇਲਾਕਿਆਂ ਵਿੱਚ ਮੁਸਲਮਾਨਾਂ ਦੀ ਗਿਣਤੀ ਜ਼ਿਆਦਾ ਹੈ, ਜਿਵੇਂ ਕਿ ਉੱਤਰ-ਪੱਛਮੀ ਅਤੇ ਪੂਰਬੀ ਖੇਤਰਾਂ ਵਿੱਚ ਇਨ੍ਹਾਂ ਨੂੰ ਮਿਲਾ ਕੇ ਸੁਤੰਤਰ ਰਾਜ ਬਣਾ ਦਿੱਤੇ ਜਾਣ।” ਇਸ ਸੈਸ਼ਨ ਵਿੱਚ ਪਾਕਿਸਤਾਨ ਦਾ ਪ੍ਰਸਤਾਵ ਰੱਖਿਆ ਗਿਆ। ਇਸ ਲਾਹੌਰ ਸੈਸ਼ਨ ਨੂੰ ‘ਪਾਕਿਸਤਾਨ ਪ੍ਰਸਤਾਵ’ ਕਿਹਾ ਜਾਂਦਾ ਹੈ। ‘ਪਾਕਿਸਤਾਨ’ ਸ਼ਬਦ ਦੀ ਵਰਤੋਂ

[4] S.R. Mehrotra, *Towards India’s Freedom and Partition*, Vikas Publishing House Pvt. Ltd., New Delhi, 1979, pp. 181-182.

ਸਭ ਤੋਂ ਪਹਿਲਾਂ 1933 ਈ. ਵਿੱਚ ਰਹਿਮਤ ਅਲੀ ਨਾਮਕ ਕੈਂਬ੍ਰਿਜ਼ ਯੂਨੀਵਰਸਿਟੀ ਦੇ ਪੰਜਾਬੀ ਵਿਦਿਆਰਥੀ ਨੇ ਕੀਤੀ। ਮੁਸਲਿਮ ਲੀਗ ਨੇ ਪਾਕਿਸਤਾਨ ਦੀ ਜ਼ੋਰ-ਸ਼ੋਰ ਨਾਲ ਮੰਗ ਕਰਨੀ ਸ਼ੁਰੂ ਕਰ ਦਿੱਤੀ, ਜੋ ਕਿ ਬਾਅਦ ਵਿੱਚ 1947 ਈ. ਦੀ ਵੰਡ ਦਾ ਕਾਰਨ ਬਣੀ।[5]

**ਅਗਸਤ, 1940 ਈ. ਦਾ ਐਲਾਨ-** 8 ਅਗਸਤ, 1940 ਈ. ਨੂੰ ਵਾਇਸਰਾਏ ਲਾਰਡ ਲਿਨਲਿਥਗੋ ਨੇ ਬ੍ਰਿਟਿਸ਼ ਸਰਕਾਰ ਦੇ ਆਦੇਸ਼ ਅਨੁਸਾਰ ਇੱਕ ਐਲਾਨ ਕੀਤਾ, ਜਿਸ ਨੂੰ 'ਅਗਸਤ ਆਫ਼ਰ' ਕਿਹਾ ਜਾਂਦਾ ਹੈ। ਉਨ੍ਹਾਂ ਨੇ ਵਿਭਿੰਨ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨਾਲ ਗੱਲਬਾਤ ਕੀਤੀ ਅਤੇ 8 ਅਗਸਤ, 1940 ਈ. ਨੂੰ ਸਰਕਾਰ ਵੱਲੋਂ ਇੱਕ ਐਲਾਨ ਜਾਰੀ ਕੀਤਾ ਗਿਆ:

- ਦੂਜੇ ਵਿਸ਼ਵ ਯੁੱਧ ਦੇ ਪਿੱਛੋਂ ਭਾਰਤ ਵਿੱਚ ਅਧਿਰਾਜ ਦੇ ਨਮੂਨੇ 'ਤੇ ਪੂਰਨ ਜ਼ਿੰਮੇਵਾਰ ਸ਼ਾਸਨ ਕਾਇਮ ਕਰਨ ਦਾ ਵਚਨ ਦਿੱਤਾ ਗਿਆ।
- ਭਾਰਤ ਦੇ ਲਈ ਇੱਕ ਨਵਾਂ ਸੰਵਿਧਾਨ ਬਣਾਉਣ ਲਈ ਇੱਕ ਸੰਵਿਧਾਨ ਸਭਾ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਸੰਵਿਧਾਨ ਨਹੀਂ ਬਣਾਇਆ ਜਾਵੇਗਾ।
- ਵਾਇਸਰਾਏ ਦੀ ਕਾਰਜਕਾਰੀ ਕੌਂਸਿਲ ਵਿੱਚ ਕੁੱਝ ਭਾਰਤੀ ਪ੍ਰਤੀਨਿਧੀਆਂ ਨੂੰ ਸ਼ਾਮਿਲ ਕੀਤਾ ਜਾਵੇਗਾ।
- ਯੁੱਧ ਸੰਬੰਧੀ ਵਿਸ਼ਿਆਂ ਵਿੱਚ ਸਲਾਹ ਦੇਣ ਲਈ ਯੁੱਧ ਸਲਾਹਕਾਰ ਸੰਮਤੀ ਦੀ ਸਥਾਪਨਾ ਕੀਤੀ ਜਾਵੇਗੀ, ਜਿਸ ਵਿੱਚ ਭਾਰਤੀਆਂ ਨੂੰ ਸ਼ਾਮਿਲ ਕਰਨ ਦਾ ਵਚਨ ਦਿੱਤਾ ਗਿਆ।

8 ਅਗਸਤ, 1940 ਈ. ਦਾ ਐਲਾਨ ਇੱਕ ਮਹੱਤਵਪੂਰਨ ਐਲਾਨ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਭਾਰਤੀਆਂ ਦੀ ਬਸਤੀਵਾਦੀ ਦਰਜੇ ਦੀ ਮੰਗ ਨੂੰ ਪਹਿਲੀ ਵਾਰ ਸਰਕਾਰ ਨੇ ਪ੍ਰਵਾਨ ਕੀਤਾ। ਇਸ ਤੋਂ ਇਲਾਵਾ ਅੰਗਰੇਜ਼ਾਂ ਦੁਆਰਾ ਭਾਰਤੀਆਂ ਨੂੰ ਆਪਣਾ ਨਵਾਂ ਸੰਵਿਧਾਨ ਬਣਾਉਣ ਦਾ ਅਧਿਕਾਰ ਦੇਣ ਦਾ ਵਚਨ ਵੀ ਦਿੱਤਾ ਗਿਆ। ਇੰਨਾ ਕੁਝ ਹੋਣ 'ਤੇ ਵੀ ਇਹ ਐਲਾਨ ਨਾ ਕਾਂਗਰਸ ਨੂੰ ਅਤੇ ਨਾ ਹੀ ਮੁਸਲਿਮ ਲੀਗ ਨੂੰ ਖ਼ੁਸ਼ ਕਰ ਸਕਿਆ।[6]

**1946 ਈ. ਦੀਆਂ ਚੋਣਾਂ-** 1945 ਈ. ਵਿੱਚ ਇੰਗਲੈਂਡ ਦੀ ਸੰਸਦ ਦੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿੱਚ ਲੇਬਰ ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ ਅਤੇ 'ਕਲੀਮੇਂਟ ਐਟਲੀ' ਇੰਗਲੈਂਡ ਦੇ ਨਵੇਂ ਪ੍ਰਧਾਨ ਮੰਤਰੀ ਬਣੇ। ਜਿਸ ਦੇ ਆਦੇਸ਼ ਅਨੁਸਾਰ 1946 ਈ. ਵਿੱਚ ਭਾਰਤ ਵਿੱਚ ਕੇਂਦਰੀ ਲੈਜਿਸਲੇਟਿਵ ਅਸੈਂਬਲੀ ਅਤੇ ਪ੍ਰਾਂਤਕ ਲੈਜਿਸਲੇਟਿਵ ਕੌਂਸਿਲਾਂ ਦੇ ਮੈਂਬਰਾਂ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਲੀਗ ਦੋਵਾਂ ਨੂੰ ਭਾਰੀ ਸਫ਼ਲਤਾ ਮਿਲੀ। ਕੇਂਦਰੀ ਲੈਜਿਸਲੇਟਿਵ ਅਸੈਂਬਲੀ ਦੀਆਂ 102 ਸੀਟਾਂ 'ਚੋਂ ਕਾਂਗਰਸ ਨੂੰ 57, ਮੁਸਲਿਮ ਲੀਗ ਨੂੰ 30, ਆਜ਼ਾਦ ਉਮੀਦਵਾਰਾਂ ਨੂੰ 5, ਅਕਾਲੀ ਸਿੱਖਾਂ ਨੂੰ 2 ਅਤੇ ਯੂਰਪੀ ਉਮੀਦਵਾਰਾਂ ਨੂੰ 8 ਸੀਟਾਂ ਮਿਲੀਆਂ। ਚੋਣਾਂ ਦੇ ਨਤੀਜੇ ਵਜੋਂ ਕਾਂਗਰਸ ਦੇਸ਼ ਦੀ ਸਭ ਤੋਂ ਹਰਮਨ ਪਿਆਰੀ ਪਾਰਟੀ ਬਣ ਗਈ ਅਤੇ ਮੁਸਲਿਮ ਲੀਗ ਮੁਸਲਮਾਨਾਂ ਲਈ ਹਰਮਨ ਪਿਆਰੀ ਪਾਰਟੀ ਬਣ ਗਈ। ਇਨ੍ਹਾਂ ਚੋਣਾਂ ਦਾ ਪ੍ਰਭਾਵ ਇਹ ਪਿਆ ਕਿ ਮੁਸਲਮਾਨਾਂ ਅਤੇ ਕਾਂਗਰਸ ਪਾਰਟੀ ਵਿੱਚ ਆਪਸੀ ਦੁਸ਼ਮਣੀ ਬਹੁਤ ਵਧ ਗਈ, ਜੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਹਾਨੀਕਾਰਕ ਸਾਬਿਤ ਹੋਈ। ਜਿਸ ਦਾ ਨਤੀਜਾ ਇਹ ਹੋਇਆ ਕਿ 1947 ਈ. ਵਿੱਚ ਦੇਸ਼ ਦੀ ਸੁਤੰਤਰਤਾ ਦੇ ਨਾਲ-ਨਾਲ ਦੇਸ਼ ਦਾ ਬਟਵਾਰਾ ਵੀ ਹੋ ਗਿਆ।[7]

**ਮਾਊਂਟਬੈਟਨ ਯੋਜਨਾ-** 1947 ਈ. ਵਿੱਚ ਲਾਰਡ ਵੈਵਲ ਦੀ ਥਾਂ 'ਤੇ ਲਾਰਡ ਮਾਊਂਟਬੈਟਨ ਭਾਰਤ ਦੇ ਵਾਇਸਰਾਏ ਨਿਯੁਕਤ ਹੋਏ ਅਤੇ ਉਨ੍ਹਾਂ ਨੇ ਭਾਰਤ ਦੇ ਬਟਵਾਰੇ ਦੀ ਯੋਜਨਾ ਨੂੰ ਕਾਰਜੀ ਰੂਪ ਦੇਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਨ੍ਹਾਂ ਨੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨਾਲ ਗੱਲਬਾਤ ਕੀਤੀ। ਉਹ ਇਸ ਨਤੀਜੇ 'ਤੇ ਪਹੁੰਚੇ ਕਿ ਮੁਸਲਿਮ ਲੀਗ ਅਤੇ ਕਾਂਗਰਸ ਵਿਚਕਾਰ ਸਮਝੌਤਾ ਅਸੰਭਵ ਹੈ ਅਤੇ ਭਾਰਤਵਰਸ਼ ਦੀ ਵੰਡ ਨਾਲ ਹੀ ਭਾਰਤ ਦੀ ਸਮੱਸਿਆ ਨੂੰ ਸੁਲਝਾਇਆ ਜਾ

5 Ibid., pp. 190-191.
6 Ibid., pp. 223-224.
7 Anita Inder Singh, *The Origins of the Partition of India, 1936-1947*, Oxford University Press, Delhi, 1987, pp. 217-218.

**International Journal of Research in Economics and Social Sciences (IJRESS)**
Available online at: http://euroasiapub.org
Volume 7-Issue 6-June-2017,
ISSN(o): 2249-7382 | Impact Factor: 6.939 |
Thomson Reuters Researcher ID: L-5236-2015

ਸਕਦਾ ਹੈ। ਮਜ਼ਬੂਰ ਹੋ ਕੇ ਕਾਂਗਰਸ ਦੇ ਨੇਤਾਵਾਂ ਨੇ ਗੱਲ ਮੰਨ ਲਈ। ਇਸ ਉਪਰੰਤ 3 ਜੂਨ, 1947 ਈ. ਨੂੰ ਲਾਰਡ ਮਾਊਂਟਬੈਟਨ ਨੇ ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਲੈ ਕੇ ਭਾਰਤ ਦੇ ਬਟਵਾਰੇ ਸੰਬੰਧੀ ਆਪਣਾ ਐਲਾਨ ਕਰ ਦਿੱਤਾ, ਜਿਸ ਨੂੰ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਸਵੀਕਾਰ ਕਰ ਲਿਆ।

**ਭਾਰਤੀ ਸੁਤੰਤਰਤਾ ਐਕਟ, 1947 ਈ.-** ਜੁਲਾਈ, 1947 ਈ. ਵਿੱਚ ਬ੍ਰਿਟਿਸ਼ ਪਾਰਲੀਮੈਂਟ ਵਿੱਚ ਭਾਰਤੀ ਸੁਤੰਤਰਤਾ ਐਕਟ ਪਾਸ ਕੀਤਾ ਗਿਆ। ਇਸ ਦੇ ਅਨੁਸਾਰ ਦੇਸ਼ ਨੂੰ ਦੋ ਹਿੱਸਿਆਂ- ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ ਗਿਆ। ਪਾਕਿਸਤਾਨ 14 ਅਗਸਤ, 1947 ਈ. ਨੂੰ ਹੋਂਦ ਵਿੱਚ ਆਇਆ ਅਤੇ ਭਾਰਤ ਉਸੇ ਸਾਲ 15 ਅਗਸਤ, 1947 ਈ. ਨੂੰ ਹੋਂਦ ਵਿੱਚ ਆਇਆ। ਦੇਸੀ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਤੋਂ ਅਲੱਗ ਰਹਿਣ ਦੀ ਪੂਰੀ ਸੁਤੰਤਰਤਾ ਦਿੱਤੀ ਗਈ।[8]

**ਸਿੱਟਾ:-** ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਭਾਰਤ ਦੀ ਵੰਡ ਲਈ ਪਰਿਸਥਿਤੀਆਂ ਪਹਿਲਾਂ ਹੀ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ ਸਨ। ਜਿਨ੍ਹਾਂ ਵਿੱਚ ਕਾਫ਼ੀ ਹੱਦ ਤੱਕ ਬ੍ਰਿਟਿਸ਼ ਸਰਕਾਰ ਅਤੇ ਅਧਿਕਾਰੀਆਂ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ ਕਿਉਂਕਿ ਬ੍ਰਿਟਿਸ਼ ਸਰਕਾਰ ਨੇ ਭਾਰਤੀ ਲੋਕਾਂ ਨੂੰ ਧਰਮ ਅਤੇ ਫ਼ਿਰਕਾਪ੍ਰਸਤੀ ਦੇ ਨਾਂ 'ਤੇ ਵੰਡਣਾ ਸ਼ੁਰੂ ਕਰ ਦਿੱਤਾ ਸੀ। ਭਾਰਤੀ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਸ਼ੁਰੂ ਤੋਂ ਹੀ ਨੀਵੇਂ ਅਤੇ ਘਟੀਆ ਦਰਜੇ ਦੇ ਲੋਕ ਸਮਝਦੀ ਸੀ। ਭਾਰਤੀ ਲੋਕਾਂ ਵਿੱਚ ਫੁੱਟ ਪਾਉਣ ਲਈ ਬ੍ਰਿਟਿਸ਼ ਸਰਕਾਰ ਗ਼ੈਰ-ਮੁਸਲਮਾਨਾਂ ਦਾ ਸਮਰਥਨ ਕਰਦੀ ਸੀ। ਇਨ੍ਹਾਂ ਸਭ ਗੱਲਾਂ ਨੂੰ ਰੋਕਣ ਲਈ ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ ਹੋਇਆ, ਜੋ ਇਹ ਚਾਹੁੰਦੀ ਸੀ ਕਿ ਭਾਰਤ ਦੇ ਸਾਰੇ ਲੋਕ ਆਪਸ ਵਿੱਚ ਮਿਲਕੇ ਰਹਿਣ ਅਤੇ ਬ੍ਰਿਟਿਸ਼ ਸਰਕਾਰ ਉਨ੍ਹਾਂ ਦੇ ਹਿੱਤਾਂ ਵੱਲ ਧਿਆਨ ਦੇਵੇ। ਇਸ ਮਗਰੋਂ ਸਰ ਸੱਯਦ ਅਹਿਮਦ ਖਾਂ ਨਵੇਂ ਨੇਤਾ ਵਜੋਂ ਉੱਭਰ ਕੇ ਸਾਹਮਣੇ ਆਏ। ਜਿਨ੍ਹਾਂ ਦੀ ਵਿਚਾਰਧਾਰਾ ਇਹ ਸੀ ਕਿ ਹਿੰਦੂ ਅਤੇ ਮੁਸਲਮਾਨ ਆਪਸ ਵਿੱਚ ਭਰਾ-ਭਰਾ ਹਨ, ਪੂਰਾ ਹਿੰਦੁਸਤਾਨ ਇੱਕ ਦੇਸ਼ ਹੈ, ਸਿਰਫ਼ ਧਰਮ ਅਲੱਗ-ਅਲੱਗ ਹਨ ਪਰ ਸਮਾਂ ਬੀਤਣ ਨਾਲ ਉਨ੍ਹਾਂ ਦੀ ਵਿਚਾਰਧਾਰਾ ਬਦਲ ਗਈ ਅਤੇ ਉਨ੍ਹਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਅਲੱਗ-ਅਲੱਗ ਸੰਪਰਦਾਵਾਂ ਹਨ, ਇਸ ਕਰਕੇ ਉਨ੍ਹਾਂ ਨੂੰ ਅਲੱਗ ਕਰ ਦਿੱਤਾ ਜਾਵੇ। ਇਸ ਤੋਂ ਇਲਾਵਾ ਭਾਰਤੀ ਲੋਕਾਂ ਵਿੱਚ ਆਪਸੀ ਮੱਤਭੇਦ ਵੀ ਕਾਫ਼ੀ ਵਧ ਗਏ। ਮੁਸਲਿਮ ਲੀਗ ਨੇ ਮੁਸਲਮਾਨਾਂ ਲਈ ਵੱਖਰੀ ਚੋਣ-ਪ੍ਰਣਾਲੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਸਿਵਲ ਨਾ-ਫ਼ਰਮਾਨੀ ਅੰਦੋਲਨ, ਨਾ-ਮਿਲਵਰਤਨ ਅੰਦੋਲਨ ਅਤੇ ਭਾਰਤ ਛੱਡੋ ਅੰਦੋਲਨ ਆਦਿ ਸ਼ੁਰੂ ਕਰ ਦਿੱਤੇ ਗਏ ਅਤੇ ਅੰਤ ਵਿੱਚ ਭਾਰਤ ਨੂੰ ਦੋ ਹਿੱਸਿਆਂ- ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ ਗਿਆ।

[8] Jaswant Singh, *Jinnah: India-Partition Independence*, Rupa Publications India Pvt. Ltd., New Delhi, 2009, pp. 219-220.